# ਵਾਸ਼ਿੰਗਟਨ ਦੇ ਕਰਮਚਾਰੀਆਂ ਲਈ ਕਫਾਇਤੀ ਲੰਬੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਕਵਰੇਜ

WA CARES FUND

WA Cares Fund (ਵਾਸ਼ਿੰਗਟਨ ਸਟੇਟ ਕੇਅਰਜ਼ ਫੰਡ) ਇੱਕ ਕਮਾਇਆ ਗਿਆ ਲਾਭ ਹੈ ਜੋ ਤੁਹਾਨੂੰ ਆਪਣਾ ਜੀਵਨ ਆਪਣੇ ਘਰ ਵੀਂਚ ਸੁਤੰਤਰਤਾ ਨਾਲ ਬਿਤਾਉਣ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ।

## ਇਹ ਕਿਵੇਂ ਕੰਮ ਕਰਦਾ ਹੈ

1

**ਆਪਣੇ ਕਾਰਜਕਾਲ ਦੌਰਾਨ**
ਆਪਣੀ ਤਨਖਾਹ ਦੇ 0.58% ਦਾ ਯੋਗਦਾਨ ਪਾਓ।

2

**ਲਾਭਾਂ ਲਈ ਯੋਗਤਾ ਪ੍ਰਾਪਤ ਕਰੋ**
ਜੇਕਰ ਤੁਸੀ ਯੋਗਦਾਨ ਪਾਉਣ ਅਤੇ ਦੇਖਭਾਲ ਪ੍ਰਾਪਤ ਕਰਨ ਸੰਬੰਧੀ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਲਾਭ ਪ੍ਰਾਪਤ ਕਰਨ ਲਈ ਅਰਜ਼ੀ ਦਓਿ।

3

**ਆਪਣੇ ਲਾਭਾਂ ਦੀ ਵਰਤੋਂ ਕਰੋ**
ਚੁਣੋ ਕਿ ਆਪਣੀ $36,500 ਦੀ ਜੀਵਨਭਰ ਲਾਭ ਦੀ ਰਕਮ ਦੀ ਵਰਤੋਂ ਕਿਵੇਂ ਕਰਨੀ ਹੈ (ਇਹ ਰਕਮ ਮਹਿੰਗਾਈ ਦੇ ਨਾਲ ਵਧਦੀ ਰਹਿੰਦੀ ਹੈ)।

## ਲਾਭਾਂ ਲਈ ਯੋਗਤਾ ਪ੍ਰਾਪਤ ਕਰਨਾ

ਤੁਹਾਡੇ ਲਈ ਯੋਗਦਾਨ ਪਾਉਣ ਅਤੇ ਦੇਖਭਾਲ ਪ੍ਰਾਪਤ ਕਰਨ ਸਬੰਧੀ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

### 1. ਯੋਗਦਾਨ ਪਾਉਣ ਦੀ ਸ਼ਰਤ

ਤੁਸੀ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀ ਯੋਗਦਾਨ ਪਾਉਣ ਦੀ ਸ਼ਰਤ ਨੂੰ ਪੂਰਾ ਕਰ ਸਕਦੇ ਹੋ।

**ਸਥਾਈ ਮਾਰਗ:**

ਘੱਟੋ-ਘੱਟ
**10 ਸਾਲਾਂ**
ਲਈ ਯੋਗਦਾਨ ਪਾਉਣ ਤੋਂ ਬਾਅਦ

**$36,500**
ਦੇ ਲਾਭ ਹਾਸਲ ਕਰੋ

**ਅਸਥਾਈ ਮਾਰਗ:**

ਜੇਕਰ ਤੁਸੀ ਲਾਭਾਂ ਲਈ ਅਰਜ਼ੀ ਦੇਣ ਵੇਲੇ
**ਪਿਛਲੇ ਛੇ ਸਾਲਾਂ ਵਿਚੋਂ ਘੱਟੋ-ਘੱਟ ਤਿੰਨ ਸਾਲ**
ਯੋਗਦਾਨ ਪਾਇਆ ਹੈ ਤਾਂ ਲਾਭ ਦੀ ਪੂਰੀ ਰਕਮ ਹਾਸਲ ਕਰੋ।

**$36,500**
ਦੇ ਲਾਭ ਹਾਸਲ ਕਰੋ

**ਟ੍ਰਾਂਜ਼ੀਸ਼ਨ ਮਾਰਗ**

ਜੇਕਰ ਤੁਹਾਡਾ ਜਨਮ 1968 ਤੋਂ ਪਹਿਲਾਂ ਹੋਇਆ ਸੀ, ਤਾਂ ਤੁਹਾਡੇ ਦੁਆਰਾ ਯੋਗਦਾਨ ਪਾਏ ਗਏ
**ਹਰ ਸਾਲ ਲਈ**

ਲਾਭ ਦੀ ਪੂਰੀ ਰਕਮ ਦੇ
**10%**
ਤੱਕ ਜੀਵਨਭਰ ਪਹੁੰਚ ਪ੍ਰਾਪਤ ਕਰੋ:

ਅਸੀ ਹਰ ਉਸ ਕੈਲੰਡਰ ਸਾਲ ਨੂੰ ਗਿਣਾਗੇ ਜਿਸ ਵਿੱਚ ਤੁਸੀ ਘੱਟੋ-ਘੱਟ 500 ਘੰਟੇ ਕੰਮ ਕੀਤਾ ਹੋਵੇਗਾ।

## 2. ਦੇਖਭਾਲ ਦੀ ਲੋੜ ਸੰਬੰਧੀ ਸ਼ਰਤਾਂ

ਸਾਨੂੰ ਇਹ ਨਿਰਧਾਰਤ ਕਰਨਾ ਪਵੇਗਾ ਕਿ ਤੁਹਾਨੂੰ ਰੋਜ਼ਮੱਰਾ ਦੇ ਤਿੰਨ ਜਾਂ ਵੱਧ ਕੰਮਾਂ ਨੂੰ ਕਰਨ ਲਈ ਸਹਾਇਤਾ ਚਾਹੀਦੀ ਹੈ ਅਤੇ ਤੁਹਾਨੂੰ ਘੱਟੋ-ਘੱਟ 90 ਦਿਨਾ ਲਈ ਸਹਾਇਤਾ ਦੀ ਲੋੜ ਪਵੇਗੀ।

ਅਸੀ ਉਹਨਾਂ ਸਾਰੇ ਕੰਮਾਂ ਦੀ ਗਣਿਤੀ ਕਰਾਂਗੇ ਜਿਹਨਾਂ ਨੂੰ ਪੂਰਾ ਕਰਨ ਲਈ ਤੁਹਾਨੂੰ ਦੇਖ-ਰੇਖ (ਜਿਵੇਂ ਕੀ ਨਗਿਰਾਨੀ, ਸੰਕੇਤ ਦੇਣਾ, ਜਾਂ ਸੈੱਟ-ਅੱਪ ਸਹਾਇਤਾ) ਦੀ ਲੋੜ ਪੈਂਦੀ ਹੈ।

**ਅਸੀ ਜਿਹੜੇ ਕੰਮਾਂ ਦਾ ਮੁਲਾਂਕਣ ਕਰਦੇ ਹਾਂ, ਉਹ ਇਹ ਹਨ**



ਨਹਾਉਣਾ | ਬਿਸਤਰ ਵਿੱਚ ਲੇਟਣਾ, ਉੱਠਣਾ ਬੈਠਣਾ ਆਦਿ | ਭੋਜਨ ਖਾਣਾ | ਦਵਾਈਆਂ ਲੈਣਾ | ਹਲਚਲ ਕਰਨਾ | ਆਪਣੀ ਥਾਂ ਬਦਲਣਾ | ਗੁਸਲਖ਼ਾਨੇ ਦੀ ਵਰਤੋਂ ਕਰਨਾ

## ਲਾਭਾਂ ਲਈ ਅਰਜ਼ੀ ਦੇਣਾ

ਤੁਸੀ (ਜਾਂ ਤੁਹਾਡੀ ਮਦਦ ਕਰਨ ਵਾਲਾ ਕੋਈ ਵਿਅਕਤੀ) ਔਨਲਾਈਨ ਅਰਜ਼ੀ ਦੇ ਸਕਦੇ ਹੋ ਜਾਂ ਸਹਾਇਤਾ ਲਈ ਸਾਨੂੰ ਕਾਲ ਕਰ ਸਕਦੇ ਹੋ।

ਅਸੀ ਤੁਹਾਡੇ ਯੋਗਦਾਨਾਂ ਦੀ ਜਾਂਚ ਕਰਾਂਗੇ ਅਤੇ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਬਾਰੇ ਤੁਹਾਡੇ ਨਾਲ ਮੁਲਾਕਾਤ ਕਰਾਂਗੇ।

ਹੋਰ ਜਾਣਕਾਰੀ ਇੱਥੋਂ ਹਾਸਲ ਕਰੋ:
**wacaresfund.wa.gov/apply**

## ਆਪਣੇ ਲਾਭਾਂ ਦੀ ਵਰਤੋਂ ਕਰਨਾ

ਤੁਸੀ ਆਪਣੇ ਲਾਭਾਂ ਦੀ ਵਰਤੋਂ WA Cares ਪ੍ਰਦਾਤਾ ਵੱਲੋਂ ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਕਰ ਸਕਦੇ ਹੋ। ਇਹਨਾਂ ਸੇਵਾਵਾਂ ਵਿੱਚ ਆਪਣੇ ਘਰ ਜਾਂ ਕਿਸੇ ਅਦਾਰੇ ਵਿੱਚ ਦੇਖਭਾਲ ਪ੍ਰਾਪਤ ਕਰਨਾ, ਘਰ ਵਿੱਚ ਪਰਵਿਰਤਨ, ਭੋਜਨ ਦੀ ਘਰ ਤੱਕ ਡਲੀਵਰੀ, ਅਡੈਪਟਿਵ ਉਪਕਰਣ ਅਤੇ ਹੋਰ ਚੀਜ਼ਾਂ ਸ਼ਾਮਲ ਹਨ।

ਹੋਰ ਜਾਣਕਾਰੀ ਇੱਥੋਂ ਹਾਸਲ ਕਰੋ:
**wacaresfund.wa.gov/benefits**

## ਸਹਾਇਤਾ ਪ੍ਰਾਪਤ ਕਰੋ

**ਫ਼ੋਨ**
844-CARE4WA
(844-227-3492)

**ਈਮੇਲ ਜਾਂ ਚੈਟ**
wacaresfund.wa.gov/contact

ਭਾਸ਼ਾ ਸੰਬੰਧੀ ਸਹਾਇਤਾ ਉਪਲਬਧ ਹੈ।

ਬਿਲਕੁਲ ਤਾਜ਼ੀ ਜਾਣਕਾਰੀ ਦੇ ਲਈ, **wacaresfund.wa.gov** 'ਤੇ ਜਾਓ।